# ਦਫਤਰ ਜਿਲ੍ਹਾ ਸਿੱਖਿਆ ਅਫਸਰ(ਸੈ.ਸਿ), ਬਠਿੰਡਾ

ਵੱਲ

ਪ੍ਰਿੰਸੀਪਲ, ਮੁੱਖ ਅਧਿਆਪਕ ,
ਸਸਸਸ/ਸਹਸ/ਸਮਸ
ਜਿਲ੍ਹਾ ਬਠਿੰਡਾ ।
ਪੱਤਰ ਨੰ: ਜੀ-4/1( )2022/ਆਰ ਟੀ ਆਈ/ 293-94
ਮਿਤੀ: 01/11/22

ਵਿਸ਼ਾ: ਆਰ ਟੀ ਆਈ ਐਕਟ 2005 ਅਧੀਨ ਸੂਚਨਾ ਸਪਲਾਈ ਕਰਨ ਸੰਬਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਸ੍ਰੀ ਮਨੋਜ ਕੁਮਾਰ ਚਰਖੀਵਾਲ ਗਲੀ ਨੰ. 20/ਏ, ਸ਼ਿਵ ਮੰਦਿਰ ਵਾਲੀ ਗਲੀ, ਪ੍ਰਤਾਪ ਨਗਰ, ਬਠਿੰਡਾ ਨੇ ਆਰ.ਟੀ.ਆਈ ਐਕਟ 2005 ਅਧੀਨ ਸੂਚਨਾ ਮੰਗੀ ਹੈ ਜੋ ਆਪ ਦੇ ਸਕੂਲ ਨਾਲ ਸਬੰਧਤ ਹੈ , ਮੰਗੀ ਗਈ ਸੂਚਨਾ ਦਾ ਵੇਰਵਾ ਨੱਥੀ ਕਰਕੇ ਆਪ ਨੂੰ ਲਿਖਿਆ ਜਾਂਦਾ ਹੈ ਕਿ ਇਹ ਸੂਚਨਾ ਨਿਯਮਾਂ/ਹਦਾਇਤਾਂ ਅਨੁਸਾਰ ਨਿਸਚਿਤ ਸਮੇਂ ਦੇ ਅੰਦਰ ਅੰਦਰ ਬਿਨੈਕਾਰ ਅਤੇ ਇਸ ਦਫਤਰ ਦੇ ਡੀਲਿੰਗ ਹੈਂਡ ਨੂੰ ਮੁਹੱਈਆ ਕਰਵਾਈ ਜਾਵੇ। ਇਸ ਲਈ ਪ੍ਰਾਪਤ ਹੋਈ ਦਰਖਾਸਤ ਦੀ ਕਾਪੀ ਆਰ.ਟੀ.ਆਈ ਐਕਟ ਦੀ ਧਾਰਾ 6.3(1) ਅਧੀਨ ਆਪ ਨੂੰ ਟਰਾਂਸਫਰ ਕਰਦੇ ਹੋਏ ਲਿਖਿਆ ਜਾਂਦਾ ਹੈ ਕਿ ਆਪਦੇ ਸਕੂਲ ਨਾਲ ਸਬੰਧਤ ਬਣਦੀ ਸੂਚਨਾ ਪ੍ਰਾਰਥੀ ਨੂੰ ਸਿੱਧੇ ਤੌਰ ਤੇ ਸਪਲਾਈ ਕਰਦੇ ਹੋਏ ਇਸ ਦਫਤਰ ਨੂੰ ਵੀ ਸੂਚਿਤ ਕੀਤਾ ਜਾਵੇ। ਜੇਕਰ ਰਿਪੋਰਟ ਨਿੱਲ ਹੈ ਤਾਂ ਨਿਲ ਸੂਚਨਾ ਵੀ ਭੇਜੀ ਜਾਵੇ। ਇਸ ਵਿੱਚ ਕਿਸੇ ਕਿਸਮ ਦੀ ਅਣਗਹਿਲੀ ਨਾ ਵਰਤੀ ਜਾਵੇ। ਦੇਰੀ ਨਾਲ ਸੂਚਨਾ ਭੇਜਣ ਦੀ ਜਿੰਮੇਵਾਰੀ ਆਪ ਦੀ ਨਿੱਜੀ ਹੋਵੇਗੀ।

ਨੱਥੀ: ਸੂਚਨਾ ਦੀ ਫੋਟੋ ਸਟੇਟ ਕਾਪੀ ।

ਅਰਦੀਪ
ਸੁਪਰਡੰਟ 01/11/2022.
ਕਮ ਪਬਲਿਕ ਇਨਫਾਰਮੇਸ਼ਨ ਅਫਸਰ,
ਬਠਿੰਡਾ

ਪਿਠਅੰਕਣ ਨੰ: ਉਕਤ ਮਿਤੀ ਉਕਤ

ਸ੍ਰੀ ਮਨੋਜ ਕੁਮਾਰ ਚਰਖੀਵਾਲ ਗਲੀ ਨੰ. 20/ਏ, ਸ਼ਿਵ ਮੰਦਿਰ ਵਾਲੀ ਗਲੀ, ਪ੍ਰਤਾਪ ਨਗਰ, ਬਠਿੰਡਾ, ਨੂੰ ਸੂਚਨਾ ਹਿਤ ਭੇਜਿਆ ਜਾਂਦਾ ਹੈ।

ਅਰਦੀਪ
ਸੁਪਰਡੰਟ 01/11/2022
ਕਮ ਪਬਲਿਕ ਇਨਫਾਰਮੇਸ਼ਨ ਅਫਸਰ,
ਬਠਿੰਡਾ

Scanned with OKEN Scanner

3/10/22

3/10/2

ਸੂਚਨਾ ਦਾ ਅਧਿਕਾਰ ਐਕਟ -2005 ਦੀ ਧਾਰਾ 6(1),6(3), ਅਤੇ 2(F) ਅਧੀਨ ਅਰਜੀ

ਸੇਵਾ ਵਿਖੇ

ਸੂਚਨਾ ਅਧਿਕਾਰ ਅਫ਼ਸਰ ਕਮ- ਜਿਲ੍ਹਾ ਸਿੱਖਿਆ ਅਫ਼ਸਰ

ਬਠਿੰਡਾ

ਵਿਸ਼ਾ :- ਸੂਚਨਾ ਅਧਿਕਾਰ ਐਕਟ -2005 ਤਹਿਤ ਸੂਚਨਾ ਦੇਣ ਬਾਰੇ

ਸ਼੍ਰੀਮਾਨ ਜੀ

ਬੇਨਤੀ ਹੈ ਕਿ ਸੂਚਨਾ ਅਧਿਕਾਰ ਐਕਟ 2005 ਤਹਿਤ ਹੇਠ ਲਿਖੇ ਅਨੁਸਾਰ ਲੜੀਵਾਰ ਜਾਣਕਾਰੀ ਮੁਹੱਈਆ ਕਰਵਾਈ ਜਾਵੇ |

1) ਸਾਲ 2021 ਅਤੇ 2022 ਵਿਚ ਪੰਜਾਬ ਸਰਕਾਰ ਵੱਲੋਂ ਜ਼ਿਲ੍ਹੇ ਦੇ ਸਰਕਾਰੀ, ਸਮਾਰਟ ਅਤੇ ਆਦਰਸ਼ ਸਰਕਾਰੀ ਸਕੂਲਾਂ ਪ੍ਰਾਇਮਰੀ ਅਤੇ ਸੈਕੰਡਰੀ ਵਿੱਚ ਕਲਾਸ ਪਹਿਲੀ ਤੋਂ ਲੈਕੇ ਅੱਠਵੀਂ ਤੱਕ ਬੱਚਿਆਂ ਨੂੰ ਦਿੱਤੀਆਂ ਜਾਣ ਵਾਲੀਆਂ ਵਰਦੀਆਂ ਜਿਵੇਂ ਕਿ ਲੜਕਿਆਂ ਲਈ ਪੈਂਟ, ਸ਼ਰਟ, ਬੂਟ, ਜੁਰਾਬਾਂ,ਟਾਈ ਬੈਲਟ,ਕੋਟੀ ਅਤੇ ਟੋਪੀ ਅਤੇ ਲੜਕੀਆਂ ਲਈ ਸ਼ਰਟ, ਪੈਂਟ, ਸਕਰਟ ਜਾਂ ਸਲਵਾਰ ਸੂਟ ਦੀ ਪ੍ਰਤੀ ਬੱਚਾ ਦੀ ਕੁੱਲ ਕੀਮਤ ਕਲਾਸ ਮੁਤਾਬਿਕ ਜਾਣਕਾਰੀ ਮੁਹੱਈਆ ਕਰਵਾਈ ਜਾਵੇ | ( ਤਸਦੀਕਸ਼ੁਦਾ ਨਕਲਾਂ ਦਿੱਤੀਆਂ ਜਾਣ )

2) ਪੈਂਟ ਦੀ ਕੀਮਤ ਅਲੱਗ , ਸ਼ਰਟ ਦੀ ਕੀਮਤ ਅਲੱਗ , ਬੂਟ ਦੀ ਕੀਮਤ ਅਲੱਗ , ਜੁਰਾਬਾਂ ਦੀ ਕੀਮਤ ਅਲੱਗ ਟਾਈ ਬੈਲਟ ਦੀ ਕੀਮਤ ਅਲੱਗ ,ਕੋਟੀ ਦੀ ਕੀਮਤ ਅਲੱਗ ਅਤੇ ਟੋਪੀ ਦੀ ਕੀਮਤ ਅਲੱਗ ਅਤੇ ਲੜਕੀਆਂ ਲਈ ਸ਼ਰਟ ਦੀ ਕੀਮਤ ਅਲੱਗ ਪੈਂਟ ਦੀ ਕੀਮਤ ਅਲੱਗ , ਸਕਰਟ ਜਾਂ ਸਲਵਾਰ ਸੂਟ ਦੀ ਕੀਮਤ ਅਲੱਗ,ਕੋਟੀ ਦੀ ਕਵੀਮਤ ਅਲੱਗ ਅਤੇ ਟੋਪੀ ਦੀ ਕੀਮਤ ਦੀ ਅਲੱਗ ਅਲੱਗ ਜਾਣਕਾਰੀ ਮੁਹੱਈਆ ਕਰਵਾਈ ਜਾਵੇ | ( ਤਸਦੀਕਸ਼ੁਦਾ ਨਕਲਾਂ ਦਿੱਤੀਆਂ ਜਾਣ )

3) ਵਰਦੀਆਂ ਮੁਹੱਈਆ ਕਰਵਾਉਣ ਵਾਲੀ ਏਜੰਸੀ ਜਾਂ ਦੁਕਾਨਦਾਰਾਂ ਨੇ ਨਾਮ ਅਤੇ ਪਤੇ ਮੁਹੱਈਆ ਕਰਵਾਏ ਜਾਣ |( ਤਸਦੀਕਸ਼ੁਦਾ ਨਕਲਾਂ ਦਿੱਤੀਆਂ ਜਾਣ )

4) ਪੰਜਾਬ ਸਰਕਾਰ ਵੱਲੋਂ ਸਰਕਾਰੀ ਸਕੂਲ,ਸਮਾਰਟ ਸਕੂਲ ਅਤੇ ਸਰਕਾਰੀ ਆਦਰਸ਼ ਸਕੂਲਾਂ ਵਿੱਚ ਬੱਚਿਆਂ ਨੂੰ ਕੀ ਕੀ ਸਹੂਲਤਾਂ ਮੁਹੱਈਆ ਕਰਵਾਈਆਂ ਜਾਂਦੀਆਂ ਹਨ | ( ਤਸਦੀਕਸ਼ੁਦਾ ਨਕਲਾਂ ਦਿੱਤੀਆਂ ਜਾਣ )

ਪੋਸਟਲ ਆਰਡਰ ਨੰ :- 59F - 798505 ਮਿਤੀ :- 23/08/2022 ਮੁਲਬਿਕ 10 ਰੁ. ਸ਼ਾਮਿਲ ਦਰਖ਼ਾਸਤ ਹੈ |

ਆਪਜੀ ਦਾ ਬਹੁਤ ਧੰਨਵਾਦ ਹੋਵੇਗਾ |

ਮਿਤੀ :- 28/09/22

Manoj kumar Charkhiw

ਮਨੋਜ ਕੁਮਾਰ ਚਰਖੀਵਾਲ

ਫੋਨ ਨੰ :- 9855586219

Scanned with OKEN Scanner